## ਪਿਛੋਕੜ:

ਨਵੰਬਰ 2024 ਵਿੱਚ, ਅਸੀਂ ਵਸਨੀਕਾਂ, ਕਾਰੋਬਾਰਾਂ ਅਤੇ ਹੋਰ ਭਾਈਚਾਰਕ ਮੈਂਬਰਾਂ ਨੂੰ ਸਾਨੂੰ ਇਹ ਦੱਸਣ ਲਈ ਕਿਹਾ ਕਿ ਉਨ੍ਹਾਂ ਨੂੰ ਵੈਨਕੂਵਰ ਦੇ ਵਿਲੇਜਾਂ ਬਾਰੇ ਕੀ ਪਸੰਦ ਹੈ, ਅਤੇ ਕਿਹੜੀ ਚੀਜ਼ ਭਵਿੱਖ ਵਿੱਚ ਇਹਨਾਂ ਖੇਤਰਾਂ ਦੀ ਵਧਣ-ਫੁੱਲਣ ਵਿੱਚ ਮਦਦ ਕਰੇਗੀ।

ਉਸ ਫੀਡਬੈਕ ਨੇ, ਹੋਰ ਵਿਸ਼ਲੇਸ਼ਣ ਅਤੇ ਤਕਨੀਕੀ ਕੰਮ ਦੇ ਨਾਲ, ਉਭਰ ਰਹੇ ਨਿਰਦੇਸ਼ਾਂ ਅਤੇ ਜ਼ਮੀਨ ਦੀ ਵਰਤੋਂ ਦੀਆਂ ਯੋਜਨਾਵਾਂ ਦਾ ਖਰੜਾ ਤਿਆਰ ਕਰਨ ਵਿੱਚ ਮਦਦ ਕੀਤੀ, ਇਹ ਦਿਖਾਉਂਦੇ ਹੋਏ ਕਿ ਅਪਾਰਟਮੈਂਟ ਇਮਾਰਤਾਂ, ਦੁਕਾਨਾਂ ਅਤੇ ਸੇਵਾਵਾਂ ਵਰਗੀਆਂ ਚੀਜ਼ਾਂ ਕਿੱਥੇ ਜਾ ਸਕਦੀਆਂ ਹਨ।

ਅਸੀਂ ਹੁਣ ਦੁਬਾਰਾ ਜਨਤਾ ਦੇ ਵਿਚਾਰ ਪਤਾ ਕਰ ਰਹੇ ਹਾਂ। ਉਭਰ ਰਹੇ ਨਿਰਦੇਸ਼ਾਂ ਬਾਰੇ ਤੁਹਾਡੀ ਫੀਡਬੈਕ ਡ੍ਰਾਫਟ ਯੋਜਨਾ ਦਾ ਮਾਰਗਦਰਸ਼ਨ ਕਰਨ ਵਿੱਚ ਮਦਦ ਕਰੇਗੀ, ਜਿਸ ‘ਤੇ 2026 ਵਿੱਚ ਸਿਟੀ ਕਾਉਂਸਿਲ ਦੁਆਰਾ ਵਿਚਾਰ ਕੀਤੇ ਜਾਣ ਦੀ ਉਮੀਦ ਹੈ।

### ਸਮਾਂਰੇਖਾ

**ਪੜਾਅ 1**
ਵਿਲੇਜਾਂ ਦੀ ਅੱਜ ਦੀ ਸਥਿਤੀ
ਪਤਝੜ 2024

**ਅਸੀਂ ਇੱਥੇ ਹਾਂ**

**ਪੜਾਅ 2**
ਉਭਰ ਰਹੇ ਵਿਚਾਰ ਅਤੇ ਨਿਰਦੇਸ਼
ਪਤਝੜ 2025

**ਪੜਾਅ 3**
ਡ੍ਰਾਫਟ ਯੋਜਨਾ ਅਤੇ ਨੀਤੀਆਂ
ਸਰਦੀਆਂ 2025/2026

**ਕੌਂਸਲ ਦੁਆਰਾ ਵਿਚਾਰ:**
ਡ੍ਰਾਫਟ ਯੋਜਨਾ ਅਤੇ ਕੌਂਸਲ ਨੂੰ ਰਿਪੋਰਟ
ਬਸੰਤ


**ਲਾਗੂਕਰਨ**
**2026 ਦੀਆਂ ਗਰਮੀਆਂ ਤੋਂ**

## ਵਿਲੇਜ ਕੀ ਹਨ?

ਵਿਲੇਜਾਂ ਦੀ ਕਲਪਨਾ ਸਥਾਨਕ ਹੱਬ ਵਜੋਂ ਕੀਤੀ ਗਈ ਹੈ ਜਿੱਥੇ ਬਹੁਤ ਸਾਰੀਆਂ ਰੋਜ਼ਾਨਾ ਦੀਆਂ ਲੋੜਾਂ ਘਰ ਤੋਂ 5 ਮਿੰਟ ਦੇ ਪੈਦਲ, ਰੋਲ (ਇਕੱਲੇ ਵਿਅਕਤੀ ਦੇ ਪਹੀਆਂ ਵਾਲੇ ਵਾਹਨ ਚਲਾਉਣ), ਜਾਂ ਸਾਈਕਲ ਰਾਈਡ ਦੇ ਅੰਦਰ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਭਵਿੱਖ ਵਿੱਚ, ਇਹਨਾਂ ਖੇਤਰਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਛੋਟੀਆਂ ਦੁਕਾਨਾਂ, ਸੇਵਾਵਾਂ ਅਤੇ ਛੇ ਮੰਜ਼ਲਿਾਂ ਤੱਕ ਦੀ ਰਿਹਾਇਸ਼ ਦਾ ਮਿਸ਼ਰਣ ਹੋਵੇਗਾ। ਘਰਾਂ ਦੇ ਨੇੜੇ ਵਧੇਰੇ ਰਿਹਾਇਸ਼ੀ ਚੋਣਾਂ ਅਤੇ ਸੇਵਾਵਾਂ ਜੋੜ ਕੇ, ਕਾਰੋਬਾਰਾਂ ਲਈ ਜਗ੍ਹਾ ਬਣਾ ਕੇ ਅਤੇ ਤੁਰਨਯੋਗਤਾ ਅਤੇ ਆਵਾਜਾਈ ਤੱਕ ਪਹੁੰਚ ਨੂੰ ਵਧਾ ਕੇ, ਵਿਲੇਜ ਵੈਨਕੂਵਰ ਯੋਜਨਾ ਦੇ ਤਿੰਨ ਵੱਡੇ ਵਿਚਾਰਾਂ ਨਾਲ ਜੁੜਦੇ ਹਨ:

1. ਨਿਰਪੱਖ ਰਿਹਾਇਸ਼ ਅਤੇ ਮੁਕੰਮਲ ਆਂਢ-ਗੁਆਂਢ
2. ਅਜਿਹੀ ਅਰਥ-ਵਿਵਸਥਾ ਹੋਵੇ ਜੋ ਸਾਰਿਆਂ ਲਈ ਲਾਹੇਵੰਦ ਹੈ
3. ਜਲਵਾਯੂ ਸੁਰੱਖਿਆ ਅਤੇ ਮੁੜ-ਬਹਾਲ ਕੀਤੀ ਵਾਤਾਵਰਣ ਪ੍ਰਣਾਲੀ

ਵਿਲੇਜੇਜ਼ ਪਲੈਨਿੰਗ ਪ੍ਰੋਗਰਾਮ (ਇਲਾਕਿਆਂ ਦੀ ਯੋਜਨਾਬੰਦੀ ਪ੍ਰੋਗਰਾਮ) ਵਿੱਚ ਵੈਨਕੂਵਰ ਪਲੈਨ ਵਿੱਚ ਪਛਾਣੇ ਗਏ 25 ਵਿੱਚੋਂ 17 ਵਿਲੇਜ ਸ਼ਾਮਲ ਹਨ। ਇਹ ਸਾਰੇ ਵਿਲੇਜਾਂ ਲਈ ਇੱਕ ਯੋਜਨਾ ਪ੍ਰਦਾਨ ਕਰੇਗਾ, ਜਿਸ ਵਿੱਚ ਜ਼ਮੀਨ ਦੀ ਵਰਤੋਂ ਦੀਆਂ ਵਿਸਤ੍ਰਿਤ ਯੋਜਨਾਵਾਂ ਸ਼ਾਮਲ ਹਨ ਜੋ ਇਹ ਦਿਖਾਉਣਗੀਆਂ ਕਿ ਰਿਹਾਇਸ਼ ਅਤੇ ਦੁਕਾਨਾਂ ਵਰਗੀਆਂ ਚੀਜ਼ਾਂ ਕਿੱਥੇ ਸਥਿਤ ਹੋ ਸਕਦੀਆਂ ਹਨ।



## ਉਭਰ ਰਹੇ ਨਰਿਦੇਸ਼

### ਰਹਿਾਇਸ਼:

- ਵਧੇਰੇ ਰਹਿਾਇਸ਼ੀ ਵਕਿਲਪਾਂ ਦੀ ਇਜਾਜ਼ਤ ਦੇਣਾ ਜਵਿੇਂ ਕ ਿਟਾਊਨਹਾਊਸ, ਮਲਟੀਪਲੈਕਸ, ਅਤੇ 6 ਮੰਜ਼ਲਿਾਂ ਤੱਕ ਦੀਆਂ ਅਪਾਰਟਮੈਂਟ ਇਮਾਰਤਾਂ।
- ਜ਼ਮੀਨੀ ਮੰਜ਼ਲਿ 'ਤੇ ਰਟਿੇਲ ਵਾਲੀਆਂ ਇਮਾਰਤਾਂ 'ਤੇ ਮਾਰਕੀਟ ਤੋਂ ਘੱਟ ਕਰਿਾਏ ਵਾਲੀ ਰਹਿਾਇਸ਼ ਦੀ ਪੜਚੋਲ ਕਰਨਾ।
- ਸਟਿੀ ਦੁਆਰਾ ਸ਼ੁਰੂ ਕੀਤੀ ਮੁੜ-ਜ਼ੋਨੰਗਿ ਦੀ ਵਰਤੋਂ ਕਰਨਾ ਤਾਂ ਜੋ ਰਹਿਾਇਸ਼ ਨੂੰ ਵਧੇਰੇ ਆਸਾਨੀ ਨਾਲ ਬਣਾਇਆ ਜਾ ਸਕੇ ।

### ਵਲਿੇਜਾਂ ਵੱਚਿ ਰਹਿਾਇਸ਼ ਦੀਆਂ ਕਸਿਮਾਂ ਦੀਆਂ ਉਦਾਹਰਨਾਂ



ਡਟਿੈਚਡ ਰਹਿਾਇਸ਼ (ਦੂਜੇ ਮਕਾਨਾਂ ਨਾਲ ਨਾ ਜੁੜਆਿ ਹੋਇਆ ਮਕਾਨ)/ਡੁਪਲੈਕਸ (1- ਤੋਂ 3- ਮੰਜ਼ਲਿਾਂ)



ਮਲਟੀਪਲੈਕਸ/ ਟਾਊਨਹਾਊਸ (3 ਮੰਜ਼ਲਿਾਂ ਤਕ)




ਘੱਟ-ਉਚਾਈ ਵਾਲੇ ਮਕਾਨ (6 ਮੰਜ਼ਲਿਾਂ ਤੱਕ)


### ਵਪਾਰਕ (ਦੁਕਾਨਾਂ ਅਤੇ ਸੇਵਾ):

- ਮੁੱਖ ਸੜਕਾਂ 'ਤੇ ਮਸ਼ਿਰਤ-ਵਰਤੋਂ ਵਾਲੀਆਂ ਇਮਾਰਤਾਂ ਵੱਚਿ ਜ਼ਮੀਨੀ ਮੰਜ਼ਲਿ 'ਤੇ ਰਟਿੇਲ ਲੋੜੀਦਾ ਹੈ।
- ਸੜਕਾਂ ਦੇ ਦੋਵੇਂ ਪਾਸੇ ਰਟਿੇਲ ਨੂੰ ਉਤਸ਼ਾਹਤਿ ਕਰਨਾ।
- ਸ਼ਾਂਤ ਰਹਿਾਇਸ਼ੀ ਸੜਕਾਂ 'ਤੇ ਰਟਿੇਲ ਦੀ ਪੜਚੋਲ ਕਰਨਾ।
- ਅਜਹਿੀਆਂ ਤਬਦੀਲੀਆਂ ਦੀ ਪਛਾਣ ਕਰਨਾ ਜੋ ਗ੍ਰੋਸਰੀ ਸਟੋਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹੋਣ।

### ਆਵਾਜਾਈ

- ਪੈਦਲ ਤੁਰਨ, ਸਾਈਕਲ ਚਲਾਉਣ ਅਤੇ ਟ੍ਰਾਂਜ਼ਟਿ (ਰੋਜ਼ਾਨਾ ਯਾਤਰਾ ਦੇ ਤਰੀਕੇ) ਰਾਹੀਂ ਰੋਜ਼ਾਨਾ ਦੀਆਂ ਲੋੜਾਂ ਤੱਕ ਪਹੁੰਚ ਵੱਚਿ ਸੁਧਾਰ ਕਰਨਾ
- ਆਰਾਮ ਅਤੇ ਪਹੁੰਚਯੋਗਤਾ ਵੱਚਿ ਸੁਧਾਰ ਕਰਨ ਲਈ ਚੌੜੇ ਸਾਈਡਵਾਕ ਅਤੇ ਬੁਲੇਵਾਰਡ ਬਣਾਓਣਾ
- ਪਾਰ ਕਰਨ ਦੀਆਂ ਦੂਰੀਆਂ ਨੂੰ ਘਟਾਓਣਾ ਅਤੇ ਸੁਰੱਖਅਿਤ ਸੜਕਾਂ ਲਈ ਟ੍ਰੈਫਕਿ ਨੂੰ ਸ਼ਾਂਤ ਕਰਨ ਵਾਲੀਆਂ ਵਸ਼ਿੇਸ਼ਤਾਵਾਂ ਸ਼ੁਰੂ ਕਰਨਾ।
- ਪੈਦਲ ਤੁਰਨ, ਸਾਈਕਲ ਚਲਾਉਣ ਅਤੇ ਟਹਲਿਣ ਨੂੰ ਤਰਜੀਹ ਦੇਣ ਲਈ ਸੜਕ ਦੀ ਜਗ੍ਹਾ ਦੀ ਮੁੜ-ਵੰਡ ਕਰਨਾ।
- ਸੜਕ ਕਨਿਾਰੇ ਸਮਰਪਤਿ ਵਰਤੋਂ (ਜਵਿੇਂ ਕ ਿਸੜਕ 'ਤੇ ਪਾਰਕੰਗਿ) ਨੂੰ ਘਟਾ ਕੇ ਅੱਗ ਬੁਝਾਉਣ ਦੀ ਪਹੁੰਚ ਦਾ ਸਮਰਥਨ ਕਰਨਾ


ਸਥਾਨਕ ਸਟਰੀਟ ਦਾ ਸਾਹਮਣਾ ਪਾਸਾ, ਫੁੱਟਪਾਥ ਅਤੇ ਸੜਕ ਮਾਰਗ ਦਖਿਾ ਰਹਿਾ ਚੱਤਿਰ


ਕਸਿੇ ਵਪਾਰਕ ਖੇਤਰ ਵੱਚਿ ਸਮਾਜਕਿ ਕੋਨੇ ਨੂੰ ਦਖਿਾ ਰਹਿਾ ਚੱਤਿਰ

### ਜਨਤਕ ਥਾਂ:

- ਬਾਹਰੀ ਬੈਠਣ, ਡਾਇਨੰਗਿ ਅਤੇ ਹਰਆਿਲੀ ਦੇ ਨਾਲ ਜੀਵੰਤ ਜਨਤਕ ਸਥਾਨ ਬਣਾਓਣਾ।
- ਬੱਸ ਸਟਾਪ ਸਹੂਲਤਾਂ ਜਵਿੇਂ ਕ ਿਬੈਂਚਾਂ ਅਤੇ ਸ਼ੈਲਟਰਾਂ ਲਈ ਜਗ੍ਹਾ ਮੁਹੱਈਆ ਕਰਨਾ।
- ਸਾਈਡਵਾਕਾਂ ਅਤੇ ਬਲਿਡੰਗਿ ਦੇ ਅਗਲੇ ਸਰਗਰਮ ਖੇਤਰਾਂ ਵੱਚਿ ਸੁਧਾਰਾਂ ਰਾਹੀ ਸੜਕ ਦੇ ਕੋਨਆਿਂ ਨੂੰ ਬਹਿਤਰ ਬਣਾਓਣਾ।
- ਨੇਬਰਹੁੱਡ ਪਲਾਜ਼ਾ ਬਣਾਉਣ ਲਈ ਭਵੱਖਿ ਦੇ ਮੌਕਆਿਂ 'ਤੇ ਵਚਿਾਰ ਕਰਨਾ।

### ਕੁਦਰਤ ਤੱਕ ਪਹੁੰਚ

- ਵਲਿੇਜਾਂ ਤੋਂ ਪਾਰਕਾਂ ਤੱਕ ਪੈਦਲ ਅਤੇ ਸਾਈਕਲੰਗਿ ਰੂਟਾਂ ਵੱਚਿ ਸੁਧਾਰ ਕਰਨਾ।
- ਪਾਰਕ ਸੁਧਾਰਾਂ ਦਾ ਮਾਰਗਦਰਸ਼ਨ ਕਰਨ ਲਈ ਵਾਧੇ ਦੀ ਨਗਿਰਾਨੀ ਕਰਨਾ।
- ਸ਼ਾਂਤ, ਕੁਦਰਤ-ਕੇਂਦ੍ਰਤਿ ਸਥਾਨ ਬਣਾਓਣਾ।
- ਵੱਡੇ ਸਥਾਨਾਂ ਦੇ ਵਕਿਸਤਿ ਹੋਣ 'ਤੇ ਨਵੇਂ ਪਾਰਕਾਂ ਅਤੇ ਹਰੀਆਂ ਥਾਵਾਂ ਦੀ ਮੰਗ ਕਰਨਾ।
- ਸਟ੍ਰੀਟ ਟ੍ਰੀ ਕੈਨੋਪੀ (ਸੜਕਾਂ 'ਤੇ ਰੁੱਖਾਂ ਦੀ ਛਾਂ) ਦੀ ਰੱਖਆਿ ਅਤੇ ਵਸਿਤਾਰ ਕਰਨਾ।

### ਭਾਈਚਾਰਕ ਸਹੂਲਤਾਂ

- ਵੱਡੀਆਂ ਜਾਂ ਵਲਿੱਖਣ ਸਾਈਟਾਂ 'ਤੇ, ਮੌਜੂਦਾ ਤਰਜੀਹੀ ਭਾਈਚਾਰੇ ਨੂੰ ਸੇਵਾ ਦੇਣ ਵਾਲੇ ਸਥਾਨਾਂ (ਜਵਿੇਂ ਕ ਿਬੱਚਆਿਂ ਦੀ ਦੇਖਭਾਲ, ਸਮਾਜਕਿ ਅਤੇ ਸੱਭਆਿਚਾਰਕ ਸਥਾਨਾਂ ਲਈ) ਦੀ ਬਦਲੀ ਜਾਂ ਸੁਧਾਰ ਦੀ ਮੰਗ ਕਰਨਾ
- ਖਾਲੀ ਵਪਾਰਕ ਸਥਾਨਾਂ ਵੱਚਿ ਕਲਾ ਅਤੇ ਸੱਭਆਿਚਾਰਕ ਵਰਤੋਂ ਨੂੰ ਸਮਰੱਥ ਬਣਾਓਣਾ।
- ਸ਼ਹਰਿ ਦੀ ਮਲਕੀਅਤ ਵਾਲੀਆਂ ਸਾਈਟਾਂ 'ਤੇ ਜਨਤਕ ਕਲਾ ਦੇ ਮੌਕਆਿਂ ਦੀ ਪੜਚੋਲ ਕਰਨਾ।
- ਸੱਭਆਿਚਾਰਕ ਮਹੱਤਵ ਵਾਲੇ ਖੇਤਰਾਂ ਦੀ ਪਛਾਣ ਕਰਨ ਲਈ ਸਥਾਨਕ ਰਾਸ਼ਟਰਾਂ ਨਾਲ ਕੰਮ ਕਰਨਾ ਤਾਂ ਜੋ ਸੱਭਆਿਚਾਰਕ ਦੱਖਿ ਨੂੰ ਉਤਸ਼ਾਹਤਿ ਕੀਤਾ ਜਾ ਸਕੇ।







## ਵਿਲੇਜ ਕਿਵੇਂ ਵਧਣਗੇ?

ਸਮੇਂ ਦੇ ਨਾਲ ਵਿਲੇਜ ਲਗਾਤਾਰ ਵਧਣਗੇ ਜਿਸ ਦੌਰਾਨ ਤਬਦੀਲੀ ਦਾ ਸਮਰਥਨ ਕਰਨ ਲਈ ਹੇਠਾਂ ਦਿੱਤੇ ਤਿੰਨ ਮੁੱਖ ਨਿਰਦੇਸ਼ਾਂ ‘ਤੇ ਧਿਆਨ ਕੇਂਦ੍ਰਿਤ ਕੀਤਾ ਜਾਵੇਗਾ:

ਇੱਕ ਸਿੰਗਲ ਡਿਟੈਚਡ ਹਾਊਸ (ਇਕੱਲਾ ਅਣਲੱਗਵਾਂ ਮਕਾਨ) ਤੋਂ ਲੈ ਕੇ 6-ਮੰਜ਼ਲਾ ਅਪਾਰਟਮੈਂਟਾਂ ਤੱਕ ਰਿਹਾਇਸ਼ੀ ਵਿਕਲਪਾਂ ਦੇ ਮਿਸ਼ਰਣ ਨੂੰ ਸਮਰੱਥ ਬਣਾਉਣਾ

ਵਧੇਰੇ ਦੁਕਾਨਾਂ ਅਤੇ ਸੇਵਾਵਾਂ ਦਾ ਸਮਰਥਨ ਕਰਨਾ

ਜੀਵੰਤ ਜਨਤਕ ਸਥਾਨਾਂ ਨੂੰ ਉਤਸ਼ਾਹਿਤ ਕਰਨਾ




ਚਿੱਤਰ ਦਿਖਾ ਰਿਹਾ ਹੈ ਕਿ 10-20 ਸਾਲਾਂ ਵਿੱਚ ਇਮਾਰਤਾਂ ਦੇ ਮਿਸ਼ਰਣ ਨਾਲ ਵਿਲੇਜ ਕਿਹੋ ਜਿਹਾ ਦਿਖਾਈ ਦੇ ਸਕਦਾ ਹੈ। ਇਹ ਸਕੈਚ ਉਦਾਹਰਨ ਦੇ ਉਦੇਸ਼ਾਂ ਲਈ ਹੈ ਅਤੇ ਅਸਲ ਨਿਰਮਾਣ ਤੋਂ ਵੱਖਰਾ ਹੋ ਸਕਦਾ ਹੈ।

## ਵਿਲੇਜ ਵੈਨਕੂਵਰ ODP ਅਤੇ ਵੈਨਕੂਵਰ ਪਲੈਨ ਨਾਲ ਕਿਵੇਂ ਜੁੜਦੇ ਹਨ

ਵੈਨਕੂਵਰ ਸਿਟੀ ਸਾਡੀ ਪਹਿਲੀ ਸ਼ਹਿਰ-ਵਿਆਪੀ ਅਧਿਕਾਰਤ ਵਿਕਾਸ ਯੋਜਨਾ (Official Development Plan, ODP) ਤਿਆਰ ਕਰ ਰਿਹਾ ਹੈ ਤਾਂ ਜੋ ਮਾਰਗਦਰਸ਼ਨ ਕੀਤਾ ਜਾ ਸਕੇ ਕਿ ਅਗਲੇ 30 ਸਾਲਾਂ ਵਿੱਚ ਅਤੇ ਉਸ ਤੋਂ ਬਾਅਦ ਸਾਡਾ ਸ਼ਹਿਰ ਕਿਵੇਂ ਵਧੇਗਾ ਅਤੇ ਬਦਲੇਗਾ। ਇਸ ਵਿੱਚ ਜ਼ਮੀਨ ਦੀ ਵਰਤੋਂ ਦੀ ਨੀਤੀ ਦੀ ਰੂਪਰੇਖਾ ਦਿੱਤੀ ਗਈ ਹੈ ਅਤੇ ਸਿਟੀ ਦੇ ਵੱਧਣ ਦੇ ਨਾਲ-ਨਾਲ ਰਿਹਾਇਸ਼, ਨੌਕਰੀਆਂ, ਪਾਰਕਾਂ ਅਤੇ ਸਕੂਲਾਂ ਲਈ ਜਗ੍ਹਾ ਦਾ ਨਕਸ਼ਾ ਦਿੱਤਾ ਗਿਆ ਹੈ।

ਡ੍ਰਾਫਟ ODP ਵੈਨਕੂਵਰ ਪਲੈਨ ‘ਤੇ ਅਧਾਰਤ ਹੈ, ਜਿਸ ਨੂੰ ਨਿਵਾਸੀਆਂ, ਕਾਰੋਬਾਰਾਂ ਅਤੇ ਭਾਈਚਾਰਕ ਭਾਈਵਾਲਾਂ ਨਾਲ ਵਿਆਪਕ ਸ਼ਮੂਲੀਅਤ ਤੋਂ ਬਾਅਦ 2022 ਵਿੱਚ ਪ੍ਰਵਾਨਗੀ ਦਿੱਤੀ ਗਈ ਸੀ। ਡ੍ਰਾਫਟ ODP ਵਿੱਚ ਵੈਨਕੂਵਰ ਪਲੈਨ ਦੀ ਸਾਰੀ ਸਮੱਗਰੀ ਸ਼ਾਮਲ ਹੈ, ਅਤੇ ਸੂਬਾਈ ਕਾਨੂੰਨ ਦੁਆਰਾ ਲੋੜੀਂਦੇ ਨਵੇਂ ਵੇਰਵੇ ਅਤੇ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

ਵਿਲੇਜ ਵੈਨਕੂਵਰ ਪਲੈਨ ਅਤੇ ODP ਵਿੱਚ ਪਛਾਣੀਆਂ ਗਈਆਂ ਆਂਢ-ਗੁਆਂਢ ਦੀਆਂ ਛੇ ਕਿਸਮਾਂ ਵਿੱਚੋਂ ਇੱਕ ਹਨ ਅਤੇ ਦੋਵੇਂ ਯੋਜਨਾਵਾਂ ਨੂੰ ਲਾਗੂ ਕਰਨ ਦਾ ਇੱਕ ਮੁੱਖ ਹਿੱਸਾ ਹਨ। ਵਿਲੇਜੇਜ਼ ਪਲੈਨਿੰਗ ਪ੍ਰੋਗਰਾਮ ਹਰੇਕ ਵਿਲੇਜ ਲਈ ਵਧੇਰੇ ਸਥਾਨਕ ਬਣਾਈ ਗਈ ਜਾਣਕਾਰੀ ਮੁਹੱਈਆ ਕਰੇਗਾ, ਜੋ ਵੈਨਕੂਵਰ ODP ਦੇ ਨਾਲ ਤਾਲਮੇਲ ਕਰਦੇ ਹੋਏ ਉਹਨਾਂ ਦੇ ਵਿਕਾਸ ਦਾ ਮਾਰਗਦਰਸ਼ਨ ਕਰੇਗੀ।

ਉਪਨਿਯਮ ਦੁਆਰਾ ਅਪਣਾਏ ਜਾਣ ਤੋਂ ਬਾਅਦ, ਸਿਟੀ ਕਾਉਂਸਿਲ ਜ਼ਮੀਨ ਦੀ ਵਰਤੋਂ ਦੇ ਫੈਸਲਿਆਂ ਵਿੱਚ ODP ਦੀ ਵਰਤੋਂ ਕਰੇਗੀ, ਜਿਵੇਂ ਕਿ ਮੁੜ-ਜ਼ੋਨਿੰਗ, ਜਿਸ ਨਾਲ ਸਾਡੇ ਵੱਲੋਂ ਕਿਫ਼ਾਇਤੀ ਰਿਹਾਇਸ਼, ਜਲਵਾਯੂ ਪਰਿਵਰਤਨ, ਅਤੇ ਆਰਥਿਕ ਲਚਕੀਲੇਪਣ ਵਰਗੀਆਂ ਵੱਡੀਆਂ ਚੁਣੌਤੀਆਂ ਨਾਲ ਨਜਿੱਠਦੇ ਹੋਏ ਨਿਵਾਸੀਆਂ ਅਤੇ ਕਾਰੋਬਾਰਾਂ ਨੂੰ ਵਧੇਰੇ ਅਨੁਮਾਨਯੋਗਤਾ ਮਿਲੇਗੀ।